**ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਵੱਲੋਂ ਅਖ਼ਤਿਆਰਪ੍ਰਾਪਤ ਕਾਨੂੰਨੀ ਨੋਟਿਸ**
**NAVISTAR MAXXFORCE ਇੰਜਨ ਸੈਟਲਮੈਂਟ**

**ਲਈ: ਕਿਉਬੈਕ ਨੂੰ ਛੱਡ ਕੇ, ਉਨ੍ਹਾਂ ਸਾਰੇ ਲੋਕਾਂ ਅਤੇ ਯੂਨਿਟਾਂ (ਸੰਸਥਾਵਾਂ) ਲਈ, ਜਿਹਨਾਂ ਨੇ 24 ਫ਼ਰਵਰੀ, 2022 ਨੂੰ ਜਾਂ ਪਹਿਲਾਂ Maxx Force 11-, 13-, ਜਾਂ 15-ਲੀਟਰ ਇੰਜਨ ਵਾਲੀਆਂ ਇੱਕ ਜਾਂ ਵੱਧ, ਮਾਡਲ ਸਾਲ 2011-2014 Navistar ਗੱਡੀਆਂ 30 ਦਿਨਾਂ ਤੋਂ ਵੱਧ ਸਮੇਂ ਲਈ ਖ਼ਰੀਦੀਆਂ ਜਾਂ ਲੀਜ਼ 'ਤੇ ਲਈਆਂ ਹਨ।**

**ਇਸ ਕਲਾਸ ਐਕਸ਼ਨ ਵਿੱਚ ਸੈਟਲਮੈਂਟ ਦੇ ਨਤੀਜੇ ਵਜੋਂ ਤੁਹਾਡੇ ਕਾਨੂੰਨੀ ਹੱਕਾਂ 'ਤੇ ਅਸਰ ਪੈ ਸਕਦਾ ਹੈ।**
**ਇਹ ਨੋਟਿਸ ਧਿਆਨ ਨਾਲ ਪੜ੍ਹੋ।**

ਮਾਲਕੀ ਜਾਂ ਲੀਜ਼ ਲਈ ਤੁਹਾਡੇ ਵੱਲੋਂ ਤੈਅ ਕੀਤੇ ਗਏ ਮਹੀਨਿਆਂ 'ਤੇ ਨਿਰਭਰ ਕਰਦਿਆਂ, ਤੁਸੀਂ ਹਰ ਕਲਾਸ ਵ੍ਹੀਕਲ ਲਈ $2,500 ਨਗਦ, ਨਵੇਂ ਹੈਵੀ-ਡਿਊਟੀ Navistar ਟ੍ਰੱਕ ਲਈ $10,000 ਤੱਕ ਛੋਟ ਜਾਂ ਕੁਝ ਪ੍ਰਮਾਣਿਤ ਲਾਗਤਾਂ ਲਈ ਖ਼ਰਚ ਕੀਤੀ ਗਈ ਲਾਗਤ ਵਾਪਸ ਕਰਨ ਵਜੋਂ $15,000 ਤੱਕ ਦੇ ਹੱਕਦਾਰ ਹੋ ਸਕਦੇ ਹੋ।

ਜੇ ਤੁਸੀਂ ਦਾਅਵੇ ਦਾ ਮੁਆਵਜ਼ਾ ਚਾਹੁੰਦੇ ਹੋ, ਤਾਂ ਇੰਜ ਕਰਨ ਲਈ ਤੁਹਾਨੂੰ www.navistarsettlement.ca/ 'ਤੇ August 19, 2024 ਤੱਕ ਦਾਅਵਾ ਜ਼ਰੂਰ ਭਰਨਾ ਚਾਹੀਦਾ ਹੈ। ਜੇ ਤੁਸੀਂ August 19, 2024 ਤੱਕ ਦਾਅਵਾ ਨਹੀਂ ਕਰਦੇ, ਤਾਂ ਤੁਸੀਂ ਸੈਟਲਮੈਂਟ ਤੋਂ ਕੁਝ ਵੀ ਹਾਸਿਲ ਕਰਨ ਲਈ ਹੱਕਦਾਰ ਨਹੀਂ ਹੋਵੋਗੇ।

ਇਹ ਨੋਟਿਸ ਸਿਰਫ਼ ਸਾਰ ਹੈ। ਹੋਰ ਜਾਣਕਾਰੀ ਲਈ, ਤੁਸੀਂ www.navistarsettlement.ca/ 'ਤੇ ਜਾਓ ਜਾਂ 1-866-573-2710 'ਤੇ ਕਾਲ ਕਰੋ।

# ਬੁਨਿਆਦੀ ਜਾਣਕਾਰੀ

## ਕਲਾਸ ਐਕਸ਼ਨ ਕੀ ਹੈ?

ਕਲਾਸ ਐਕਸ਼ਨ, ਇੱਕੋ ਜਿਹੇ ਦਾਅਵਿਆਂ ਵਾਲੇ ਹੋਰਨਾਂ ਲੋਕਾਂ ਵੱਲੋਂ ਨੁਮਾਇੰਦਾ ਦਾਅਵੇਦਾਰ (ਦਾਅਵੇਦਾਰਾਂ) ਨਾਂ ਦੇ ਇੱਕ ਜਾਂ ਵੱਧ ਲੋਕਾਂ ਵੱਲੋਂ ਦਾਇਰ ਕੀਤਾ ਗਿਆ ਮੁਕੱਦਮਾ ਹੈ। ਲੋਕ ਮਿਲ ਕੇ ਕਲਾਸ ਜਾਂ ਕਲਾਸ ਮੈਂਬਰ ਬਣਾਉਂਦੇ ਹਨ। ਉਨ੍ਹਾਂ ਨੇ ਜਿਹੜੀਆਂ ਕੰਪਨੀਆਂ 'ਤੇ ਮੁਕੱਦਮਾ ਕੀਤਾ ਸੀ, ਉਨ੍ਹਾਂ ਨੂੰ ਬਚਾਅ-ਪੱਖ (ਧਿਰਾਂ) ਕਿਹਾ ਜਾਂਦਾ ਹੈ। ਆਪਣੇ ਆਪ ਨੂੰ ਕਲਾਸ ਵਿੱਚੋਂ ਬਾਹਰ ਰੱਖਣ ਦੀ ਚੋਣ ਕਰਨ ਵਾਲੇ ਲੋਕਾਂ ਨੂੰ ਛੱਡ ਕੇ, ਅਦਾਲਤ ਕਲਾਸ ਵਿੱਚ ਸ਼ਾਮਿਲ ਹਰ ਸ਼ਖ਼ਸ ਲਈ ਆਮ ਕਾਨੂੰਨੀ ਮੁੱਦੇ ਹੱਲ ਕਰਦੀ ਹੈ।

ਇਸ ਐਕਸ਼ਨ ਵਿੱਚ ਨੁਮਾਇੰਦਾ ਦਾਅਵੇਦਾਰ N&C Transportation Ltd. ਹੈ। 14 ਜੁਲਾਈ, 2023 ਨੂੰ ਸੈਟਲਮੈਂਟ ਦੇ ਉਦੇਸ਼ਾਂ ਲਈ ਇਸ ਐਕਸ਼ਨ ਨੂੰ ਪ੍ਰਮਾਣਿਤ ਕੀਤਾ ਗਿਆ ਸੀ।

## ਮੁਕੱਦਮਾ ਕਿਸ ਬਾਰੇ ਹੈ?

ਕੈਨੇਡਾ ਵਿੱਚ (ਕਿਊਬੈਕ ਨੂੰ ਛੱਡ ਕੇ) ਉਨ੍ਹਾਂ ਸਾਰੇ ਲੋਕਾਂ, ਜਿਹਨਾਂ ਨੇ Maxx Force 11-, 13-, ਜਾਂ 15-ਲੀਟਰ ਇੰਜਨ ("ਕਲਾਸ ਵ੍ਹੀਕਲਸ") ਵਾਲੀ ਮਾਡਲ ਸਾਲ 2011-2014 Navistar ਗੱਡੀ ਖ਼ਰੀਦੀ ਹੈ ਜਾਂ ਲੀਜ਼ 'ਤੇ ਲਈ ਹੈ, ਦੀ ਤਰਫ਼ੋਂ Navistar Canada ULC, Navistar, Inc., Navistar Navistar International Corporation, ਅਤੇ Harbour International Trucks Ltd. ("ਬਚਾਅ-ਪੱਖ") ਖ਼ਿਲਾਫ਼ ਬ੍ਰਿਟਿਸ਼ ਕੋਲੰਬੀਆ ("ਐਕਸ਼ਨ") ਵਿੱਚ ਐਕਸ਼ਨ ਲਾਅ ਸੂਟ (ਇਸ ਦਾ ਪ੍ਰਬੰਧ ਇੱਕੋ ਜਿਹੀ ਕਾਨੂੰਨੀ ਸਮੱਸਿਆ ਦਾ ਸਾਹਮਣਾ ਕਰ ਰਹੇ ਲੋਕਾਂ ਦੇ ਸਮੂਹ ਵੱਲੋਂ ਕੀਤਾ ਜਾਂਦਾ ਹੈ) ਸ਼ੁਰੂ ਕੀਤਾ ਗਿਆ ਸੀ। ਐਕਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਬਚਾਅ-ਪੱਖ ਨੇ ਧੂੰਏਂ ਦੀ ਨਿਕਾਸੀ ਦੇ ਨੁਕਸਦਾਰ EGR ਸਿਸਟਮ ਵਾਲੇ ਕਲਾਸ ਵ੍ਹੀਕਲਸ ਵੇਚੇ ਸਨ ਜਾਂ ਲੀਜ਼ 'ਤੇ ਦਿੱਤੇ ਸੀ। ਬਚਾਅ-ਪੱਖ (ਧਿਰਾਂ) ਨੇ ਇਹ ਇਲਜ਼ਾਮ ਖ਼ਾਰਜ ਕੀਤੇ ਹਨ, ਪਰ ਦਾਅਵੇਦਾਰਾਂ ("ਸੈਟਲਮੈਂਟ") ਨਾਲ ਸੈਟਲਮੈਂਟ ਕਰਨ ਲਈ ਸਹਿਮਤ ਹੋ ਗਈਆਂ ਹਨ।

# ਸੈਟਲਮੈਂਟ

ਸੈਟਲਮੈਂਟ ਕੀ ਹੈ?

ਸੈਟਲਮੈਂਟ ਹੋ ਗਈ ਹੈ, ਜੋ ਕਲਾਸ ("ਸੈਟਲਮੈਂਟ ਦੀ ਰਕਮ") ਦੇ ਲਾਭ ਲਈ,ਕੁੱਲ ਮਿਲਾਕੇ $14,500,000 ਦੇਣ ਵਾਸਤੇ $13,775,000 ਨਗਦ ("ਨਗਦ ਰਕਮ") ਅਤੇ ਛੋਟ ("ਛੋਟ ਦੀ ਰਕਮ") ਲਈ $725,000 ਤੱਕ ਦਾ ਭੁਗਤਾਨ ਮਿਲਦਾ ਹੈ। ਇਸ ਸੈਟਲਮੈਂਟ ਨੂੰ 30 ਨਵੰਬਰ, 2023 ਨੂੰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ("ਅਦਾਲਤ") ਨੇ ਮੰਜ਼ੂਰੀ ਦਿੱਤੀ ਸੀ।

ਨਗਦ ਰਕਮ, ਅਦਾਲਤ ਵੱਲੋਂ ਮੰਜ਼ੂਰਸ਼ੁਦਾ ਫ਼ੀਸਾਂ ਘਟਾ ਕੇ, ਮਾਣ-ਭੇਟ, ਖ਼ਰਚੇ, ਨੋਟਿਸ ਦੀਆਂ ਲਾਗਤਾਂ, ਪ੍ਰਸ਼ਾਸਨੀ ਲਾਗਤਾਂ ਅਤੇ ਲਾਗੂ ਹੋਣ ਵਾਲੇ ਟੈਕਸ ਸਾਰੇ ਕਲਾਸ ਮੈਂਬਰਾਂ ("ਨਗਦ ਫ਼ੰਡ", ਅਤੇ ਛੋਟ ਰਕਮ ਨਾਲ ਮਿਲਾਕੇ "ਸੈਟਲਮੈਂਟ ਫ਼ੰਡ") ਦੇ ਲਾਭ ਲਈ ਵਿਆਜ ਦੇਣ ਵਾਲੇ ਟ੍ਰੱਸਟ ਖਾਤੇ ਵਿੱਚ ਰੱਖੀ ਜਾਂਦੀ ਹੈ।

ਇਹ ਸੈਟਲਮੈਂਟ ਰਾਸ਼ਟਰੀ ਅਧਾਰ 'ਤੇ ਬਚਾਅ-ਪੱਖ (ਧਿਰਾਂ) ਖ਼ਿਲਾਫ਼ ਸਾਰੀ ਸਿਰਮੌਰ ਕਲਾਸ ਮੁਕੱਦਮੇਬਾਜ਼ੀ ਦਾ ਨਿਪਟਾਰਾ ਕਰਦੀ ਹੈ, ਇਸ ਵਿੱਚ ਓਨਟਾਰੀਓ, ਅਲਬਰਟਾ ਅਤੇ ਮੈਨੀਟੋਬਾ ਵਿੱਚ ਵਕੀਲਾਂ ਵੱਲੋਂ ਲਿਆਂਦੇ ਗਏ ਇਹੋ ਜਿਹੇ ਪਿਛਲੇ ਕੇਸ ਸ਼ਾਮਿਲ ਹਨ। ਇਹ ਉਨ੍ਹਾਂ ਕਲਾਸ ਮੈਂਬਰਾਂ ਨੂੰ ਲਾਭ ਮੁਹੱਈਆ ਕਰਾਏਗੀ, ਜਿਹਨਾਂ ਨੇ ਆਪਣੇ ਆਪ ਨੂੰ ਬਾਹਰ ਨਹੀਂ ਰੱਖਿਆ ਅਤੇ ਜਿਹਨਾਂ ਨੇ ਵੈਧ ਦਾਅਵੇ ਜਮ੍ਹਾ ਕੀਤੇ ਹਨ।

## ਮੈਨੂੰ ਇੱਕ ਹੋਰ ਨੋਟਿਸ ਕਿਉਂ ਮਿਲਿਆ ਹੈ?

ਤੁਹਾਨੂੰ ਇਹ ਨੋਟਿਸ ਇਸ ਕਰ ਕੇ ਮਿਲਿਆ ਹੈ, ਕਿਉਂਕਿ ਸਾਡੇ ਰਿਕਾਰਡ ਦਰਸਾਉਂਦੇ ਹਨ ਕਿ ਤੁਸੀਂ ਵੀ ਕਲਾਸ ਮੈਂਬਰ ਹੋ ਸਕਦੇ ਹੋ। ਅਜਿਹੇ ਕਲਾਸ ਮੈਂਬਰ, ਜਿਹਨਾਂ ਨੇ ਆਪਣੇ ਆਪ ਨੂੰ ਬਾਹਰ ਨਹੀਂ ਰੱਖਿਆ ਸੀ, ਜੇ ਉਹ ਸੈਟਲਮੈਂਟ ਤੋਂ ਮੁਆਵਜ਼ਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਹੁਣ ਦਾਅਵੇ ਜ਼ਰੂਰ ਕਰਨੇ ਚਾਹੀਦੇ ਹਨ।

## ਮੈਨੂੰ ਕਿਵੇਂ ਪਤਾ ਚੱਲੇਗਾ ਕਿ ਮੈਂ ਵੀ ਕਲਾਸ ਦਾ ਹਿੱਸਾ ਹਾਂ?

ਜੇ ਤੁਸੀਂ ਕਲਾਸ ਦਾ ਹਿੱਸਾ ਹੋ, ਤਾਂ ਇਸ ਨੋਟਿਸ ਅਤੇ ਮੁਕੱਦਮੇ ਦਾ ਤੁਹਾਡੇ 'ਤੇ ਉਸ ਸਮੇਂ ਹੀ ਅਸਰ ਪੈਂਦਾ ਹੈ।

ਅਦਾਲਤ ਨੇ ਫ਼ੈਸਲਾ ਦਿੱਤਾ ਹੈ ਕਿ ਹੇਠਾਂ ਦਿੱਤੀ ਵਿਆਖਿਆ ਪੂਰੀ ਕਰਨ ਵਾਲਾ ਸ਼ਖ਼ਸ ਹੀ ਕਲਾਸ ਮੈਂਬਰ ਹੁੰਦਾ ਹੈ:

> ਕੈਨੇਡਾ ਵਿਚਲੇ ਸਾਰੇ ਜਿਉਂਦੇ ਵਸਨੀਕ ਜਾਂ ਯੂਨਿਟਾਂ (ਸੰਸਥਾਵਾਂ), ਪਰ ਕਿਊਬੈਕ ਵਿਚਲੇ ਵਸਨੀਕ ਨਹੀਂ, ਜਿਹਨਾਂ ਨੇ 24 ਫ਼ਰਵਰੀ, 2022 ਨੂੰ ਜਾਂ ਪਹਿਲਾਂ ਇੱਕ ਜਾਂ ਵੱਧ ਕਲਾਸ ਵ੍ਹੀਕਲਸ ਨੂੰ ਛੱਡ ਕੇ, 30 ਦਿਨ ਤੋਂ ਵੱਧ ਸਮੇਂ ਲਈ ਖ਼ਰੀਦਿਆ ਸੀ ਜਾਂ ਲੀਜ਼ 'ਤੇ ਲਿਆ ਸੀ: (1) ਉਨ੍ਹਾਂ ਸਾਰੇ ਵਿਅਕਤੀਆਂ, ਜਿਹਨਾਂ ਨੇ ਅੰਤਿਮ, ਅਪੀਲ ਨਾ ਕੀਤੇ ਜਾਣ ਵਾਲੇ ਫ਼ੈਸਲੇ (ਸਿਰਫ਼ ਉਨ੍ਹਾਂ ਗੱਡੀਆਂ ਬਾਰੇ) ਲਈ ਇੱਕ ਜਾਂ ਵੱਧ ਬਚਾਅ-ਪੱਖ (ਧਿਰਾਂ) ਖ਼ਿਲਾਫ਼ ਕਲਾਸ ਵ੍ਹੀਕਲਸ ਦੇ ਕਥਿਤ ਤੌਰ 'ਤੇ ਧੂੰਏਂ ਦੇ ਨਿਕਾਸ ਬਾਰੇ ਨੁਕਸਦਾਰ EG ਸਿਸਟਮ ਵਿੱਚ ਸ਼ਾਮਿਲ ਦਾਅਵੇ ਦਾਇਰ ਕੀਤੇ ਹਨ; (2) ਉਨ੍ਹਾਂ ਸਾਰੇ ਵਿਅਕਤੀਆਂ, ਜਿਹਨਾਂ ਨੇ ਇੱਕ ਜਾਂ ਵੱਧ ਬਚਾਅ-ਪੱਖ (ਧਿਰਾਂ) ਨੂੰ ਕਲਾਸ ਵ੍ਹੀਕਲਸ ਦੇ ਕਥਿਤ ਤੌਰ 'ਤੇ ਧੂੰਏਂ ਦੇ ਨੁਕਸਦਾਰ EGR ਸਿਸਟਮ (ਸਿਰਫ਼ ਉਨ੍ਹਾਂ ਗੱਡੀਆਂ ਬਾਰੇ) ਨਾਲ ਸਬੰਧਿਤ ਆਪਣੇ ਦਾਅਵੇ ਜਾਰੀ ਕੀਤੇ ਹਨ, ਇਸ ਵਿੱਚ 4037308 Canada Inc. ਬਨਾਮ Navistar Canada Inc., ਸੁਪੀਰੀਅਰ ਕੋਰਟ ਆਫ਼ ਕਿਊਬੈਕ, ਫ਼ਾਈਲ ਨੰਬਰ 500-06-000720-140, ਮੌਨਟ੍ਰਿਅਲ ਡਿਸਟ੍ਰਿਕਟ ਦੀ ਸੈਟਲਮੈਂਟ ਰਾਹੀਂ ਵੱਡੀ ਤਸੱਲੀ ਸ਼ਾਮਿਲ ਹੈ; (3) ਬਚਾਅ-ਪੱਖ (ਧਿਰਾਂ) ਦੇ ਮੁਲਾਜ਼ਮ, ਅਫ਼ਸਰ, ਡਾਇਰੈਕਟਰ, ਏਜੰਟ ਅਤੇ ਨੁਮਾਇੰਦੇ ਅਤੇ ਉਨ੍ਹਾਂ ਦੇ ਪਰਵਾਰ ਦੇ ਮੈਂਬਰ; (4) ਨਵੇਂ ਜਾਂ ਇਸਤੇਮਾਲ ਕੀਤੇ ਗਏ ਵ੍ਹੀਕਲਸ ਦੇ ਅਖ਼ਤਿਆਰਪ੍ਰਾਪਤ Navistar ਡੀਲਰ; (5) ਕੋਈ ਵੀ ਸ਼ਖ਼ਸ, ਜਿਸ ਨੇ ਕੋਈ ਵੀ ਕਲਾਸ ਵ੍ਹੀਕਲ ਸਿਰਫ਼ ਫਿਰ ਤੋਂ ਵੇਚਣ ਦੇ ਮਕਸਦ ਨਾਲ ਜਾਂ ਵੇਚਣ ਜਾਂ ਲੀਜ਼ਿੰਗ ਇਕਰਾਰਨਾਮੇ (ਸਿਰਫ਼ ਉਨ੍ਹਾਂ ਵ੍ਹੀਕਲਸ ਬਾਰੇ) ਲਈ ਫ਼ਾਇਨਾਂਸ ਮੁਹੱਈਆ ਕਰਾਉਣ ਲਈ ਖ਼ਰੀਦਿਆ ਹੈ; (6) Ideal ease ਅਤੇ Navistar Leasing Co.

ਜੇ ਤੁਸੀਂ ਆਪਣੇ ਆਪ ਨੂੰ ਬਾਹਰ ਰੱਖਿਆ ਹੈ, ਭਾਵੇਂ ਤੁਸੀਂ ਵਿਆਖਿਆ ਪੂਰੀ ਕਰਦੇ ਹੋ, ਪਰ ਹੁਣ ਤੁਸੀਂ ਕਲਾਸ ਵਿੱਚ ਨਹੀਂ ਹੋ।

## ਕਿਹੜੇ ਵ੍ਹੀਕਲਸ ਸ਼ਾਮਿਲ ਹਨ?

"ਕਲਾਸ ਵ੍ਹੀਕਲ (ਵ੍ਹੀਕਲਸ)" ਦਾ ਮਤਲਬ ਹੈ, Maxx Force 11-, 13-, ਜਾਂ 15-ਲੀਟਰ ਇੰਜਨ ਵਾਲੇ ਸਾਰੇ Navistar ਵ੍ਹੀਕਲਸ ਚੋਣਵੀਂ ਕੈਟਾਲਿਟਿਕ ਕਟੌਤੀ ਤਕਨਾਲੋਜੀ ਦੀ ਵਰਤੋਂ ਤੋਂ ਬਿਨਾ 2010 EPA ਮਿਆਰਾਂ ਦੀ ਪਾਲਣਾ ਕਰਨ ਲਈ ਪ੍ਰਮਾਣਿਤ ਹੈ। ਕਲਾਸ ਵ੍ਹੀਕਲਸ ਮਾਡਲ ਸਾਲ 2011-2014 ਦੇ ਵ੍ਹੀਕਲਸ ਹਨ। ਇਸ ਵਿੱਚ ਹੇਠਾਂ ਦਿੱਤੇ Navistar ਟ੍ਰੱਕ ਬ੍ਰਾਂਡ ਸ਼ਾਮਿਲ ਹਨ: "PAYSTAR", "WORKSTAR", "TRANSTAR", "9900i", "LONESTAR", ਅਤੇ "PROSTAR".

## ਮੈਨੂੰ ਅਜੇ ਵੀ ਭਰੋਸਾ ਨਹੀਂ ਹੈ ਕਿ ਕੀ ਮੈਂ ਇਸ ਵਿੱਚ ਸ਼ਾਮਿਲ ਹਾਂ?

ਇਸ ਨੋਟਿਸ ਵਿੱਚ ਸਿਰਫ਼ ਸੈਟਲਮੈਂਟ ਦਾ ਸਾਰ ਹੈ ਅਤੇ ਕਲਾਸ ਮੈਂਬਰਾਂ ਨੂੰ ਸੈਟਲਮੈਂਟ ਦੇ ਪੂਰੇ ਸਮਝੌਤੇ ਦਾ ਆਨਲਾਈਨ ਜਾਇਜ਼ਾ ਲੈਣ ਲਈ ਪ੍ਰੇਰਿਆ ਜਾਂਦਾ ਹੈ। www.navistarsettlement.ca/ 'ਤੇ ਸੈਟਲਮੈਂਟ ਵੈਬਸਾਈਟ ਤੋਂ ਇਸ ਦੀ ਇੱਕ ਕਾਪੀ ਡਾਊਨਲੋਡ ਕੀਤੀ ਜਾ ਸਕਦੀ ਹੈ।

ਜੇ ਤੁਸੀਂ ਇਸ ਸੈਟਲਮੈਂਟ ਦੇ ਸਮਝੌਤੇ ਦੀ ਕਾਪੀ ਚਾਹੁੰਦੇ ਹੋ ਜਾਂ ਤੁਹਾਡੇ ਕੋਈ ਅਜਿਹੇ ਸੁਆਲ ਹਨ, ਜਿਹਨਾਂ ਦੇ ਜਵਾਬ ਤੁਹਾਨੂੰ ਆਨਲਾਈਨ ਨਹੀਂ ਮਿਲੇ, ਤਾਂ ਕਿਰਪਾ ਕਰ ਕੇ ਹੇਠਾਂ ਦਿੱਤੀ ਜਾਣਕਾਰੀ 'ਤੇ ਸੈਟਲਮੈਂਟ ਐਡਮਿਨਿਸਟ੍ਰੇਟਰ ਨਾਲ ਸੰਪਰਕ ਕਰੋ। ਜੇ ਸੈਟਲਮੈਂਟ ਐਡਮਿਨਿਸਟ੍ਰੇਟਰ ਨਾਲ ਗੱਲ ਕਰਨ ਤੋਂ ਬਾਅਦ, ਤੁਹਾਡੇ ਅਜੇ ਵੀ ਕੋਈ ਸੁਆਲ ਹਨ, ਤਾਂ ਹੇਠਾਂ ਦਿੱਤੇ ਸੰਪਰਕ ਵੇਰਵਿਆਂ 'ਤੇ ਕਲਾਸ ਕੌਂਸਲ ਨਾਲ ਸੰਪਰਕ ਕਰੋ। **ਪੁੱਛ-ਪੜਤਾਲ ਸਬੰਧੀ ਗੱਲਬਾਤ ਅਦਾਲਤ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।**

## <u>ਦਾਅਵਿਆਂ ਦਾ ਅਮਲ</u>

### ਮੈਂ ਕੀ ਦਾਅਵਾ ਕਰ ਸਕਦਾ ਹਾਂ?

ਤੁਸੀਂ ਹਰ ਇੱਕ ਕਲਾਸ ਵ੍ਹੀਕਲ, ਜੋ ਤੁਸੀਂ ਜਾਂ 30 ਦਿਨ ਤੋਂ ਵੱਧ ਸਮੇਂ ਲਈ ਖ਼ਰੀਦਿਆ (ਸੀ) ਜਾਂ ਲੀਜ਼ ('ਤੇ ਲਿਆ) ਸੀ, ਲਈ ਮੁਆਵਜ਼ੇ ਵਾਸਤੇ ਹੇਠਾਂ ਦਿੱਤੇ ਤਿੰਨ ਵਿਕਲਪਾਂ ਵਿੱਚੋਂ ਸਿਰਫ਼ ਇੱਕ ਦੀ ਚੋਣ ਕਰ ਸਕਦੇ ਹੋ:

ਨਗਦ ਵਿਕਲਪ: ਨਗਦ ਵਿਕਲਪ ਮਾਲਕੀ ਜਾਂ ਲੀਜ਼ ਦੇ ਮਹੀਨਿਆਂ ਦੇ ਅਧਾਰ 'ਤੇ ਹਰ ਇੱਕ ਕਲਾਸ ਵ੍ਹੀਕਲ ਲਈ $2,500 ਤੱਕ ਦੀ ਰਕਮ ਦਿੰਦਾ ਹੈ। ਕੁਝ ਪਾਬੰਦੀਆਂ ਹੇਠ, ਮਾਲਕੀ ਜਾਂ ਲੀਜ਼ ਦਾ ਹਰ ਇੱਕ ਦਰਸਾਇਆ ਗਿਆ ਮਹੀਨਾ ਹੇਠਾਂ ਦਿੱਤੀਆਂ ਰਕਮਾਂ ਲਈ ਢੁਕਵਾਂ ਹੈ:

| ਕਲਾਸ ਵ੍ਹੀਕਲ ਮਾਡਲ ਸਾਲ | ਮਾਲੀ ਰਕਮ |
|---|---|
| 2011 | $19.38/ ਮਹੀਨਾ |
| 2012 | $21.37/ ਮਹੀਨਾ |
| 2013 | $23.81/ ਮਹੀਨਾ |
| 2014 | $26.88/ ਮਹੀਨਾ |

**ਛੋਟ ਦਾ ਵਿਕਲਪ**: ਛੋਟ ਦਾ ਵਿਕਲਪ ਕਲਾਸ ਵ੍ਹੀਕਲ ਦੀ ਮਾਲਕੀ ਜਾਂ ਲੀਜ਼ ਦੇ ਮਹੀਨਿਆਂ ਦੇ ਅਧਾਰ 'ਤੇ ਨਵਾਂ Navistar Class 8 ਹੈਵੀ-ਡਿਊਟੀ ਟ੍ਰੱਕ ਖ਼ਰੀਦਣ ਲਈ $10,000 ਤੱਕ ਦੇ ਮੁੱਲ ਦੀ ਛੋਟ ਦਿੰਦਾ ਹੈ। ਕੁਝ ਪਾਬੰਦੀਆਂ ਹੇਠ, ਮਾਲਕੀ ਜਾਂ ਲੀਜ਼ ਦਾ ਹਰ ਇੱਕ ਦਰਸਾਇਆ ਗਿਆ ਮਹੀਨਾ ਹੇਠਾਂ ਦਿੱਤੀਆਂ ਰਕਮਾਂ ਲਈ ਢੁਕਵਾਂ ਹੈ। ਇਸ ਛੋਟ (ਛੋਟਾਂ) ਦੀ ਵਧੀਆ ਸੌਦੇਬਾਜ਼ੀ ਵਾਲੀ ਰਿਟੇਲ ਖ਼ਰੀਦ ਦੇ ਮੁੱਲ (ਇਸ ਵਿੱਚ ਵਿੱਕਰੀ ਟੈਕਸ ਜਾਂ ਡਿਲਿਵਰੀ ਫ਼ੀਸਾਂ ਸ਼ਾਮਿਲ ਨਹੀਂ ਹਨ) ਵਿੱਚੋਂ ਕਟੌਤੀ ਕੀਤੀ ਜਾਂਦੀ ਹੈ ਅਤੇ ਨਹੀਂ ਤਾਂ ਖ਼ਰੀਦੀ ਜਾਣ ਵਾਲੀ ਚੀਜ਼ ਅਤੇ ਖ਼ਰੀਦਦਾਰ ਦੋਵੇਂ ਕਿਸੇ ਹੋਰ ਲਾਗੂ ਪ੍ਰੋਮੋਸ਼ਨ, ਛੋਟ ਜਾਂ ਫਿਰ ਖ਼ਰੀਦਣ ਵੇਲੇ ਮਿਲਣ ਵਾਲੇ ਡਿਸਕਾਉਂਟ ਤੋਂ ਅਲਾਵਾ ਯੋਗ ਹੋਣਗੇ। ਛੋਟ (ਛੋਟਾਂ) ਨਾ 'ਤੇ ਕਿਸੇ ਹੋਰ ਨੂੰ ਦਿੱਤੀਆਂ ਸਕਦੀਆਂ ਹਨ ਅਤੇ ਨਾ ਹੀ ਜਮ੍ਹਾ ਕੀਤੀਆਂ ਜਾ ਸਕਦੀਆਂ ਹਨ ਅਤੇ ਸੈਟਲਮੈਂਟ ਕਲਾਸ ਮੈਂਬਰ ਨੂੰ ਦੱਸ (10) ਤੋਂ ਵੱਧ ਛੋਟਾਂ ਨਹੀਂ ਦਿੱਤੀਆਂ ਜਾਣਗੀਆਂ। ਮਾਲਕੀ ਜਾਂ ਲੀਜ਼ ਦਾ ਹਰ ਇੱਕ ਦਰਸਾਇਆ ਗਿਆ ਮਹੀਨਾ, ਕੁਝ ਪਾਬੰਦੀਆਂ ਹੇਠ ਅਤੇ $10,000 ਤੱਕ ਦੀ ਹੇਠਾਂ ਦਿੱਤੀ ਛੋਟ ਦੀ ਰਕਮ ਲਈ ਯੋਗ ਹੈ:

| ਕਲਾਸ ਵ੍ਹੀਕਲ ਮਾਡਲ ਸਾਲ | ਮਾਲੀ ਰਕਮ |
|---|---|
| 2011 | $77.52/ ਮਹੀਨਾ |
| 2012 | $85.47/ ਮਹੀਨਾ |
| 2013 | $95.24/ ਮਹੀਨਾ |
| 2014 | $107.53/ ਮਹੀਨਾ |

**ਨਿੱਜੀ ਪਰੂਵ-ਅਪ ਵਿਕਲਪ:** ਨਿੱਜੀ ਪਰੂਵ-ਅਪ ਵਿਕਲਪ, ਹਰ ਕਲਾਸ ਵ੍ਹੀਕਲ ਦੀਆਂ $15,000 ਤੱਕ ਦੀਆਂ "ਘੇਰੇ ਹੇਠਲੀਆਂ ਲਾਗਤਾਂ" ਲਈ ਪਰੂਵ-ਅਪ ਦਾ ਵਿਕਲਪ ਦਿੰਦਾ ਹੈ। ਕੋਈ ਵੀ ਕਲਾਸ ਮੈਂਬਰ, ਜਿਸ ਨੇ ਸ਼ੁਰੂ ਵਿੱਚ ਨਿੱਜੀ ਪਰੂਵ-ਅਪ ਵਿਕਲਪ ਚੁਣਿਆ ਸੀ, ਦੀ ਥਾਂ ਉਨ੍ਹਾਂ ਦੇ ਅਵਾਰਡ ਦਾ ਅੰਤਿਮ ਫ਼ੈਸਲਾ ਹੋਣ ਤੋਂ ਪਹਿਲਾਂ ਕਿਸੇ ਵੀ ਸਮੇਂ ਨਗਦ ਵਿਕਲਪ ਦੀ ਚੋਣ ਕਰ ਸਕਦਾ ਹੈ।

ਸੰਭਵ ਮੁਆਵਜ਼ੇ ਦੀ ਰਕਮ ਕਲਾਸ ਵ੍ਹੀਕਲ (ਵ੍ਹੀਕਲਸ) ਕਿੰਨੇ ਕਿਲੋਮੀਟਰ ਚੱਲਿਆ ਹੈ, ਦੇ ਹਿਸਾਬ ਨਾਲ, "ਘੇਰੇ ਹੇਠ ਆਉਣ ਵਾਲੀ ਘਟਨਾ" ਵਜੋਂ ਯੋਗ ਹੋਣ ਅਤੇ "ਘੇਰੇ ਹੇਠਲੀਆਂ ਲਾਗਤਾਂ" ਪੂਰੀਆਂ ਕਰਨ 'ਤੇ ਨਿਰਭਰ ਕਰਦੀ ਹੈ।।

ਘੇਰੇ ਹੇਠ ਆਉਣ ਵਾਲੀ ਘਟਨਾਵਾਂ ਅਤੇ ਘੇਰੇ ਹੇਠਲੀਆਂ ਲਾਗਤਾਂ ਦੀਆਂ ਕਈ ਸ਼੍ਰੇਣੀਆਂ ਹਨ। ਇਹਨਾਂ ਵਿੱਚ ਸ਼ਾਮਿਲ ਹਨ:

- EGR ਕੂਲਰ, ਜਾਂ EGR ਵਾਲਵ ਦੀ ਮੁਰੰਮਤ ਜਾਂ ਬਦਲਣ ਲਈ ਸਰਵਿਸ ਨਾਲ ਜੁੜੀ ਘਟਨਾ;
- EGR ਕੂਲਰ, ਜਾਂ EGR ਵਾਲਵ ਬਦਲਣ ਦੇ 30 ਦਿਨਾਂ ਦੇ ਅੰਦਰ ਦੂਜੇ ਹਿੱਸਿਆਂ ਦੀ ਮੁਰੰਮਤ ਜਾਂ ਬਦਲਣ ਲਈ ਸਰਵਿਸ ਨਾਲ ਜੁੜੀ ਘਟਨਾ;ਅਤੇ,
- ਉੱਪਰ ਦਿੱਤੀਆਂ ਸਰਵਿਸ ਦੀਆਂ ਘਟਨਾਵਾਂ ਦੇ ਨਤੀਜੇ ਵਜੋਂ ਲੱਗੀਆਂ ਅਸਲ ਲਾਗਤਾਂ, ਜਿਵੇਂ: ਹਿੱਸੇ-ਪੁਰਜ਼ੇ ਅਤੇ ਮਿਸਤਰੀ ਦੀ ਲਾਗਤ, ਗੱਡੀ ਟੋਅ ਕਰਨੀ, ਕਿਰਾਏ ਦੇ ਟ੍ਰੱਕ, ਗੁਆਚੇ ਹੋਏ ਸਮਾਨ ਦਾ ਮਾਲੀਆ, ਸਫ਼ਰ ਦੀਆਂ ਲਾਗਤਾਂ, ਮਜ਼ਦੂਰੀ, ਪਰਮਿਟ ਅਤੇ ਲਦਾਈ/ਉਤਰਾਈ।

ਘੇਰੇ ਹੇਠਲੀਆਂ ਘਟਨਾਵਾਂ, ਘੇਰੇ ਹੇਠਲੀਆਂ ਲਾਗਤਾਂ ਅਤੇ ਉਨ੍ਹਾਂ ਸਥਿਤੀਆਂ ਦੀ ਪੂਰੀ ਸੂਚੀ ਲਈ, ਕਿਰਪਾ ਕਰ ਕੇ www.navistarsettlement.ca/ 'ਤੇ ਉਪਲਬਧ ਮੁਕੰਮਲ ਸੈਟਲਮੈਂਟ ਸਮਝੌਤਾ ਵੇਖੋ।

ਕਿਸੇ ਵੀ ਵਿਕਲਪ ਹੇਠ ਕਲਾਸ ਮੈਂਬਰਾਂ ਵੱਲੋਂ ਪ੍ਰਾਪਤ ਕੀਤੀਆਂ ਗਈਆਂ ਰਕਮਾਂ ਨੂੰ ਕਿਸੇ ਖ਼ਾਸ ਸਮੂਹ ਦੇ ਦਾਅਵਿਆਂ ਦੀ ਤਦਾਦ ਨੂੰ ਧਿਆਨ ਵਿੱਚ ਰੱਖਦਿਆਂ ਅਨੁਪਾਤੀ  ਤੌਰ 'ਤੇ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ। ਕੁਝ ਪਾਬੰਦੀਆਂ ਲਾਗੂ ਹਨ, ਖ਼ਾਸ ਤੌਰ 'ਤੇ, ਜੇ ਇੱਕ ਕਲਾਸ ਮੈਂਬਰ ਕਿਸੇ ਹੋਰ ਸੈਟਲਮੈਂਟ ਕਲਾਸ ਮੈਂਬਰ ਲਈ ਲੀਜ਼ 'ਤੇ ਟ੍ਰੱਕ ਲੈਂਦਾ ਹੈ। ਮੁਕੰਮਲ ਸੈਟਲਮੈਂਟ ਸਮਝੌਤਾ ਵੇਖਣ ਲਈ, ਕਿਰਪਾ ਕਰ ਕੇ www.navistarsettlement.ca/ 'ਤੇ ਜਾਓ।

ਦਾਅਵਾ ਕਰਨ ਨਾਲ ਸਬੰਧਿਤ ਕਿਸੇ ਵੀ ਸੁਆਲ ਅਤੇ ਆਪਣੇ ਵਿਕਲਪਾਂ ਦੀ ਵਾਧੂ ਵਿਆਖਿਆ ਲਈ, ਕਿਰਪਾ ਕਰ ਕੇ navistarsettlement@ricepoint.com 'ਤੇ ਸੈਟਲਮੈਂਟ ਐਡਮਿਨਿਸਟ੍ਰੇਟਰ ਨਾਲ ਸੰਪਰਕ ਕਰੋ। ਕਿਸੇ ਵੀ ਹੋਰ ਸੁਆਲ ਲਈ, ਕਿਰਪਾ ਕਰ ਕੇ ਹੇਠਾਂ ਦਿੱਤੀ ਜਾਣਕਾਰੀ 'ਤੇ ਕਲਾਸ ਕੌਂਸਲ ਨਾਲ ਸੰਪਰਕ ਕਰੋ।

## ਮੈਂ ਦਾਅਵਾ ਕਿਵੇਂ ਜਮ੍ਹਾ ਕਰਾਂ?

ਤੁਹਾਨੂੰ ਦਾਅਵਾ ਫ਼ਾਰਮ ਅਤੇ ਇਸ ਦੀ ਹਿਮਾਇਤ ਵਿਚਲੀ ਜਾਣਕਾਰੀ ਸੈਟਲਮੈਂਟ ਐਡਮਿਨਿਸਟ੍ਰੇਟਰ ਕੋਲ ਹੀ ਜਮ੍ਹਾ ਕਰਾਉਣੀ ਚਾਹੀਦੀ ਹੈ। ਦਾਅਵਿਆਂ ਸਬੰਧੀ ਫ਼ਾਰਮ, ਉਨ੍ਹਾਂ ਨੂੰ ਕਿਵੇਂ ਭਰੋ, ਬਾਰੇ ਜਾਣਕਾਰੀ ਅਤੇ ਸੈਟਲਮੈਂਟ ਐਡਮਿਨਿਸਟ੍ਰੇਟਰ ਵੱਲੋਂ ਲੋੜੀਂਦੀ ਜਾਣਕਾਰੀ www.navistarsettlement.ca/ 'ਤੇ ਆਨਲਾਈਨ ਉਪਲਬਧ ਹੈ।

ਤੁਸੀਂ ਆਪਣਾ ਦਾਅਵਾ ਫ਼ਾਰਮ ਅਤੇ ਇਸ ਦੀ ਹਿਮਾਇਤ ਵਿਚਲੀ ਜਾਣਕਾਰੀ ਆਨਲਾਈਨ ਜਾਂ ਡਾਕ ਰਾਹੀਂ ਸਬਮਿਟ ਕਰ ਸਕਦੇ ਹੋ। ਜੇ ਤੁਸੀਂ ਆਨਲਾਈਨ ਦਾਅਵਾ ਨਹੀਂ ਕਰ ਸਕਦੇ, ਤਾਂ ਕਿਰਪਾ ਕਰ ਕੇ 1-866-573-2710 ਜਾਂ navistarsettlement@ricepoint.com 'ਤੇ ਸੈਟਲਮੈਂਟ ਐਡਮਿਨਿਸਟ੍ਰੇਟਰ ਤੋਂ ਦਸਤਾਵੇਜ਼ੀ ਦਾਅਵਾ ਫ਼ਾਰਮ ਲਈ ਬੇਨਤੀ ਕਰੋ।

ਸਾਰੇ ਕਲਾਸ ਮੈਂਬਰ, ਜੋ ਸੈਟਲਮੈਂਟ ਹੇਠ ਮੁਆਵਜ਼ੇ ਲਈ ਦਾਅਵਾ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਇਹ ਦਾਅਵਾ August 19, 2024 ਤੱਕ ਹੀ ਜ਼ਰੂਰ ਸਬਮਿਟ ਕਰਨਾ ਚਾਹੀਦਾ ਹੈ।

ਅੰਤਿਮ ਤਾਰੀਖ਼ ਤੱਕ ਜਮ੍ਹਾ ਨਾ ਕਰਾਏ ਗਏ ਦਾਅਵੇ ਮੁਆਵਜ਼ੇ ਲਈ ਹੱਕਦਾਰ ਨਹੀਂ ਹੋਣਗੇ।

## ਦਾਅਵਾ ਕਰਨ ਲਈ ਕੀ ਮੈਨੂੰ ਵਕੀਲ ਕਰਨਾ ਪੈਣਾ ਹੈ?

ਦਾਅਵਾ ਕਰਨ ਲਈ ਤੁਹਾਨੂੰ ਆਪਣਾ ਖ਼ੁਦ ਦਾ ਵਕੀਲ ਨਹੀਂ ਕਰਨਾ ਪੈਣਾ। ਕਲਾਸ ਮੈਂਬਰਾਂ ਦੀ ਨੁਮਾਇੰਦਗੀ ਕਲਾਸ ਕੌਂਸਲ - Farris LLP, Foreman & Company Professional Corporation, ਅਤੇ Rochon Genova LLP ਵੱਲੋਂ ਕੀਤੀ ਜਾਂਦੀ ਹੈ। ਤੁਸੀਂ ਹੇਠਾਂ ਦਿੱਤੀ ਜਾਣਕਾਰੀ 'ਤੇ ਕਲਾਸ ਕੌਂਸਲ ਨੂੰ ਸੰਪਰਕ ਕਰ ਸਕਦੇ ਹੋ।

ਆਪਣੇ ਦਾਅਵੇ ਵਿੱਚ ਮਦਦ ਲਈ, ਜੇ ਤੁਸੀਂ ਆਪਣੇ ਖ਼ੁਦ ਦੇ ਵਕੀਲ ਨਾਲ ਨੁਮਾਇੰਦਗੀ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਖ਼ੁਦ ਦੇ ਖ਼ਰਚੇ 'ਤੇ ਵਕੀਲ ਕਰ ਸਕਦੇ ਹੋ।

# ਹੋਰ ਜਾਣਕਾਰੀ

## ਸੈਟਲਮੈਂਟ ਬਾਰੇ ਹੋਰ ਵੇਰਵਿਆਂ ਸਮੇਤ, ਮੈਂ ਹੋਰ ਜਾਣਕਾਰੀ ਕਿਵੇਂ ਹਾਸਿਲ ਕਰਾਂ?

ਇਸ ਨੋਟਿਸ ਵਿੱਚ ਸੈਟਲਮੈਂਟ ਦੇ ਮੁੱਖ ਹਿੱਸਿਆਂ ਦਾ ਸਾਰ ਦਿੱਤਾ ਗਿਆ ਹੈ। ਤੁਸੀਂ ਸੈਟਲਮੈਂਟ ਦਾ ਸਮੁੱਚਾ ਸਮਝੌਤਾ ਅਤੇ ਹੋਰ ਬਹੁਤ ਜ਼ਰੂਰੀ ਦਸਤਾਵੇਜ਼ www.navistarsettlement.ca/ 'ਤੇ ਪੜ੍ਹ ਸਕਦੇ ਹੋ। ਇਸ ਨੋਟਿਸ ਅਤੇ ਸੈਟਲਮੈਂਟ ਵਿੱਚ ਇਸਤੇਮਾਲ ਕੀਤੀਆਂ ਗਈਆਂ ਸ਼ਰਤਾਂ ਵਿਚਕਾਰ ਵਿਵਾਦ ਦੇ ਕਿਸੇ ਵੀ ਮਾਮਲੇ ਵਿੱਚ ਸੈਟਲਮੈਂਟ ਦੀਆਂ ਸ਼ਰਤਾਂ ਹੀ ਲਾਗੂ ਹੋਣਗੀਆਂ।

ਸੈਟਲਮੈਂਟ ਸਮਝੌਤੇ ਬਾਰੇ ਤੁਸੀਂ ਕਲਾਸ ਕੌਂਸਲ ਨਾਲ ਵਿਚਾਰ-ਵਟਾਂਦਰਾ ਕਰ ਸਕਦੇ ਹੋ। ਕੇਸ ਬਾਰੇ ਅੱਪਡੇਟ ਜਾਣਨ ਲਈ, ਤੁਹਾਨੂੰ ਨੇਮ ਨਾਲ ਵੈਬਸਾਈਟ ਵੇਖਣੀ ਚਾਹੀਦੀ ਹੈ। ਤੁਸੀਂ ਹੇਠਾਂ ਦਿੱਤੇ ਵੇਰਵਿਆਂ 'ਤੇ ਸੈਟਲਮੈਂਟ ਐਡਮਿਨਿਸਟ੍ਰੇਟਰ ਨਾਲ ਸੰਪਰਕ ਕਰ ਸਕਦੇ ਹੋ

**Navistar MaxxForce Engine Class Action**
c/o RicePoint Administration Inc.
P.O. Box 3355
London, ON N6A 4K3
Toll Free Number: 1-866-573-2710
Email: navistarsettlement@ricepoint.com

ਕਲਾਸ ਕੌਂਸਲ ਨਾਲ ਇੱਥੇ ਸੰਪਰਕ ਕੀਤਾ ਜਾ ਸਕਦਾ ਹੈ:

Farris LLP (ਕਿਊਬੈਕ ਨੂੰ ਛੱਡ ਕੇ, ਬਾਕੀ ਕੈਨੇਡਾ)
2500 – 700 West Georgia Street
Vancouver, BC V7Y 1B3
**ਧਿਆਨ ਹਿਤ: ਰੌਬਰਟ ਐਂਡਰਸਨ, KC, ਨਿਕੋਲਸ ਹੂਗ ਅਤੇ ਮੋਹਨਾਮ ਕੇ. ਸ਼ੇਰਗਿਲ (ਅੰਗ੍ਰੇਜ਼ੀ ਅਤੇ ਪੰਜਾਬੀ)**
ਫ਼ੋਨ: 1 (604) 661-9372
ਈਮੇਲ: randerson@farris.com,nhooge@farris.com and mkshergill@farris.com

**Foreman & Company Professional Corporation** (Ontario)
4 Covent Market Place
London, ON N6A 1E2
**ਧਿਆਨ ਹਿਤ: ਜੋਨਾਥਨ ਫ਼ੋਰਮੈਨ**
ਫ਼ੋਨ: 1-855-814-4575 ext. 106
ਈਮੇਲ: classactions@foremancompany.com

**Rochon Genova LLP** (Ontario)
121 Richmond St W Suite 900,
Toronto, ON M5H 2K1
**ਧਿਆਨ ਹਿਤ: ਜੋਲ ਰੋਸ਼ੋਨ**
ਫ਼ੋਨ: 416-363-1867

ਈਮੇਲ: contact@rochongenova.com

## ਕਿਊਬੈਕ

### ਕਿਊਬੈਕ ਦੇ ਵਸਨੀਕਾਂ ਬਾਰੇ ਕੀ ਹੁੰਦਾ ਹੈ?

ਕਿਊਬੈਕ ਦੇ ਵਸਨੀਕ ਵੱਖ-ਵੱਖ ਕੇਸ ਤੋਂ ਵੱਖ-ਵੱਖ ਸੈਟਲਮੈਂਟ ਲਈ ਯੋਗ ਸਨ: 4037308 Canada Inc. ਬਨਾਮ Navistar Canada Inc., ਕਿਊਬੈਕ ਦੀ ਸੁਪੀਰੀਅਰ ਕੋਰਟ ਫ਼ਾਈਲ ਨੰਬਰ 500-06-000720-140, ਮੌਨਟ੍ਰਿਅਲ ਡਿਸਟ੍ਰਿਕਟ। ਉਸ ਸੈਟਲਮੈਂਟ ਨੂੰ ਪ੍ਰਵਾਣਗੀ ਦਿੱਤੀ ਗਈ ਸੀ ਅਤੇ ਉਸ ਸੈਟਲਮੈਂਟ ਵਿੱਚ ਮੁਆਵਜ਼ੇ ਲਈ ਦਾਅਵੇ ਲਈ ਮੌਕਾ ਹੁਣ ਬੰਦ ਹੋ ਗਿਆ ਹੈ। ਕਿਊਬੈਕ ਸੈਟਲਮੈਂਟ ਬਾਰੇ ਕੋਈ ਵੀ ਸੁਆਲ, ਕਿਊਬੈਕ ਕਲਾਸ ਲਈ ਕੌਂਸਲ , Consumer Law Group Inc. ਨੂੰ ਟੈਲੀਫ਼ੋਨ: (514) 266-7863, ਜਾਂ ਈਮੇਲ: info@clg.org 'ਤੇ ਭੇਜੇ ਜਾ ਸਕਦੇ ਹਨ।